## ਕਲਾਸ: ਬੀ.ਏ,ਭਾਗ -ਦੂਜਾ, ਸਮੈਸਟਰ – ਤੀਸਰਾ,2023-2024ਲਾਜ਼ਮੀ ਪੰਜਾਬੀ

ਕੁੱਲ ਅੰਕ= 50

ਲਿਖਤੀ = 45

ਇੰਟਰਨਲ ਅਸੈਸਮੈਂਟ=05

| ਲੜੀ ਨੰ. | ਵਿਸ਼ੇ | ਅਧਿਆਪਨ ਦੇ ਵਿਸ਼ੇ | ਵਿਸ਼ੇਸ਼ ਉਦੇਸ਼ | ਅਧਿਆਪਨ ਦੀ ਤਕਨੀਕ | ਸੋਮੇ |
|---|---|---|---|---|---|
| 1 | ਪੰਜ-ਆਬ ਪੁਸਤਕ ਵਿੱਚ ਦਰਜ਼ ਪੰਜਾਬੀ ਸੱਭਿਆਚਾਰ ਬਾਰੇ ਨਿਬੰਧਾਂ ਦਾ ਅਧਿਐਨ। | ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਨਿਬੰਧਾਂ ਦਾ ਵਿਸ਼ਾ ਦੱਸ ਕੇ ਸਾਰ ਲਿਖਣਾ ਅਤੇ ਨਿਬੰਧਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ। | ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰਕ ਸੰਕਲਪਾਂ ਬਾਰੇ ਜਾਣੂ ਕਰਵਾਉਣਾ। | ਵਿਆਖਿਆ ਵਿਧੀ, ਲੈਕਚਰ ਵਿਧੀ, ਪ੍ਰਸ਼ਨ - ਉੱਤਰ | ਪੁਸਤਕ 'ਪੰਜ-ਆਬ'(ਸੰਪਾ) ਪ੍ਰੋ.ਭੁਪਿੰਦਰ ਸਿੰਘ ਖਹਿਰਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ। |
| 2 | ਦਫ਼ਤਰੀ, ਵਪਾਰਕ, ਸਮਾਜਕ ਤੇ ਸਭਿਆਚਾਰਕ ਮਸਲਿਆਂ ਬਾਰੇ ਸੰਪਾਦਕ ਨੂੰ ਚਿੱਠੀ ਪੱਤਰ । ਲਿਖਣੇ | ਦਫ਼ਤਰੀ ,ਵਪਾਰਕ, ਸਮਾਜਕ ਤੇ ਸਭਿਆਚਾਰਕ ਮਸਲਿਆਂ ਨਾਲ਼ ਸੰਬੰਧਿਤ ਚਿੱਠੀ ਪੱਤਰ ਲਿਖਣ ਦੀ ਜਾਂਚ ਅਤੇ ਅਭਿਆਸ। | ਵਿਦਿਆਰਥੀਆਂ ਨੂੰ ਦਫ਼ਤਰੀ,ਵਪਾਰਕ, ਸਮਾਜਕ ਤੇ ਸਭਿਆਚਾਰਕ ਮਸਲਿਆਂ ਬਾਰੇ ਚਿੱਠੀ ਪੱਤਰਾਂ ਦੀ ਮਹੱਤਤਾ ਦੱਸਦੇ ਹੋਏ ਇਹ ਪੱਤਰ ਲਿਖਣ ਦੀ ਵਿਧੀ ਦੱਸਣਾ। | ਵਿਆਖਿਆ ਵਿਧੀ, ਲੈਕਚਰ ਵਿਧੀ, ਪ੍ਰਸ਼ਨ - ਉੱਤਰ | |
| 3 | ਪੰਜਾਬੀ ਭਾਸ਼ਾ ਦਾ ਜਨਮ, ਵਿਕਾਸ ਤੇ ਵਰਤਮਾਨ। | ਪੰਜਾਬੀ ਭਾਸ਼ਾ ਦੇ ਜਨਮ ਅਤੇ ਵਿਕਾਸ ਬਾਰੇ ਜਾਣਕਾਰੀ ਅਤੇ ਅਭਿਆਸ। | ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ। | ਵਿਆਖਿਆ ਵਿਧੀ, ਲੈਕਚਰ ਵਿਧੀ, ਪ੍ਰਸ਼ਨ - ਉੱਤਰ | |
| 4 | ਵਿਆਕਰਨ: ਸਿਧਾਂਤ ਤੇ ਵਿਹਾਰ, ਸ਼ਬਦ, ਸ਼ਬਦ ਰਚਨਾ ਤੇ | ਵਿਆਕਰਨ ਸਿਧਾਂਤ ਤੇ ਵਿਹਾਰ ਵਿੱਚ ਦਰਜ਼ ਸ਼ਬਦ , ਸ਼ਬਦ ਰਚਨਾ ਤੇ ਸ਼ਬਦਾ ਦਾ ਵਰਗੀਕਰਨ ਲਿਖਣ | ਵਿਦਿਆਰਥੀਆਂ ਨੂੰ ਵਿਆਕਰਨ ਸਿਧਾਂਤ ਤੇ ਵਿਹਾਰ, ਸ਼ਬਦ ਤੇ ਸ਼ਬਦ ਰਚਨਾ ਤੇ ਸ਼ਬਦਾਂ ਦੇ ਵਰਗੀਕਰਨ ਤੋਂ ਜਾਣੂ ਕਰਵਾਉਣਾ । | ਵਿਆਖਿਆ ਵਿਧੀ, ਲੈਕਚਰ ਵਿਧੀ, ਪ੍ਰਸ਼ਨ - ਉੱਤਰ | |

| | | | | | |
|---|---|---|---|---|---|
| | ਸ਼ਬਦਾਂ ਦਾ ਵਰਗੀਕਰਨ। | ਦੀ ਜਾਂਚ ਅਤੇ ਅਭਿਆਸ। | | | |
| | | | | | |

1.(ੳ)ਕਿਸੇ ਇੱਕ ਨਿਬੰਧ ਦਾ ਵਿਸ਼ਾ ਦੱਸ ਕੇ ਸਾਰ ਲਿਖੋ ।

1.ਪੰਜਾਬ ਦੀਆਂ ਵਿਰਾਸਤੀ ਖੇਡਾਂ।

2.ਪੰਜਾਬ ਦੇ ਅਖਾਣਾਂ ਦੀ ਵਿਚਾਰਧਾਰਾ।

3.ਪੰਜਾਬੀ ਲੋਕ-ਧਾਰਾ ਦਾ ਵਿਲੱਖਣ ਪ੍ਰਵਾਹ।

4.ਉੱਤਰੀ ਭਾਰਤੀ ਰੁੱਤ ਚੱਕਰ।

5.ਗਿੱਧਾ-ਧਰਤੀ ਮਾਤਾ ਦੀ ਪੂਜਾ ਦਾ ਨਾਚ।

(ਅ) ਕਿਸੇ ਇੱਕ ਸਭਿਆਚਾਰਕ ਸੰਕਲਪ ਨੂੰ ਸਪੱਸ਼ਟ ਕਰੋ।

1.ਇਸ਼ਟ 2.ਗਿੱਧਾ 3.ਤਿਉਹਾਰ 4.ਲੋਕ-ਗੀਤ 5.ਅਖਾਣ6.ਲੋਕ -ਵਿਸ਼ਵਾਸ।

2.'ਪੰਜ-ਆਬ' ਪੁਸਤਕ ਦੇ ਆਧਾਰ ਤੇ ਸੰਖੇਪ ਵਿੱਚ ਪ੍ਰਸ਼ਨਾਂ ਦੇ ਉੱਤਰ ।

1.ਸਿੱਧ ਬਾਬਾ ਕੌਣ ਹੈ? ਪਿੰਡ ਵਿੱਚ ਇਸ ਦੀ ਮਾਨਤਾ ਬਾਰੇ ਤੁਸੀਂ ਕੀ ਜਾਣਦੇ ਹੋ?

2.ਬਸੰਤ ਪੰਚਮੀ ਦੇ ਤਿਉਹਾਰ ਬਾਰੇ ਕੀ ਜਾਣਦੇ ਹੋ?

3.ਗਿੱਧੇ ਦੀਆਂ ਬੋਲੀਆਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ।

4.ਇਸ਼ਟ ਕੀ ਹੁੰਦਾ ਹੈ? ਇਸ ਸੰਕਲਪ ਬਾਰੇ ਤੁਸੀਂ ਕੀ ਜਾਣਦੇ ਹੋ?

5.ਅਖਾਣ ਕੀ ਹੁੰਦਾ ਹੈ?ਇਸ ਸੰਕਲਪ ਨੂੰ ਸਪੱਸ਼ਟ ਕਰੋ।

6.ਲੋਕ-ਗੀਤ ਕੀ ਹੁੰਦੇ ਹਨ? ਲੋਕ-ਗੀਤ ਸੰਕਲਪ ਸੰਬੰਧੀ ਜਾਣ-ਪਛਾਣ ਕਰਾਓ।

7.ਲੋਕ-ਵਿਸ਼ਵਾਸ ਕੀ ਹੁੰਦਾ ਹੈ? ਇਸ ਸੰਕਲਪ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

8.ਵਿਰਾਸਤੀ ਖੇਡਾਂ ਕਿਹੜੇ ਸਮੇਂ ਤੇ ਕਿੱਥੇ ਖੇਡੀਆਂ ਜਾਂਦੀਆਂ ਹਨ?

9.ਲੋਕ-ਧਾਰਾ ਦੀ ਸਿਰਜਣਾ ਕਿਵੇਂ ਹੁੰਦੀ ਹੈ?

10.ਪੰਜਾਬੀ ਸੱਭਿਆਚਾਰ ਅਤੇ ਲੋਕ-ਚਿਕਿੱਤਸਾ ਨੂੰ ਸਪੱਸ਼ਟ ਕਰੋ।

3.ਦਫ਼ਤਰੀ, ਵਪਾਰਕ, ਸਮਾਜਕ ਤੇ ਸਭਿਆਚਾਰਕ ਮਸਲਿਆਂ ਬਾਰੇ ਚਿੱਠੀ ਪੱਤਰ।

1.ਸਮਾਜਿਕ ਸਮਾਗਮਾਂ ਅਤੇ ਧਾਰਮਿਕ ਸਥਾਨਾਂ ਵਿੱਚ ਉੱਚੀ ਆਵਾਜ਼ ਵਿੱਚ ਵੱਜਦੇ ਸਪੀਕਰਾਂ ਤੇ ਪਾਬੰਦੀ ਲਾਉਣ ਬਾਰੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਇੱਕ ਬਿਨੈ-ਪੱਤਰ ਲਿਖੋ।

2.ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੂਚਨਾ ਅਧਿਕਾਰੀ ਨੂੰ ਇੱਕ ਬਿਨੈ-ਪੱਤਰ ਲਿਖੋ, ਜਿਸ ਵਿੱਚ ਹਾੜ੍ਹੀ ਦੀ ਫ਼ਸਲ ਦੇ ਸੰਭਾਵਿਤ ਰੋਗਾਂ ਅਤੇ ਸਾਵਧਾਨੀਆਂ ਬਾਰੇ ਵੇਰਵਿਆਂ ਦੀ ਮੰਗ ਕਰੋ।

3.ਪਿੰਡ ਦੇ ਇਕ ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨ ਵਲੋਂ ਪੰਜਾਬ ਪੋਲਟਰੀ ਕਾਰਪੋਰੇਸ਼ਨ ਨੂੰ ਇੱਕ ਬਿਨੈ-ਪੱਤਰ ਲਿਖੋ ਅਤੇ ਉਸ ਪਾਸੋਂ ਮੁਰਗੀਖ਼ਾਨਾ ਖੋਲ੍ਹਣ ਵਾਸਤੇ ਕਾਰਪੋਰੇਸ਼ਨ ਵਲੋਂ ਮਿਲਦੀ ਸਹਾਇਤਾ ਵਾਸਤੇ ਜਾਣਕਾਰੀ ਦੀ ਮੰਗ ਕਰੋ।

4.ਪੰਜਾਬੀ ਵਿੱਚ ਪ੍ਰਚਲਿਤ ਹੋਈ ਲਚਰ ਗਾਇਕੀ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ।

4.ਪੰਜਾਬੀ ਭਾਸ਼ਾ ਦਾ ਜਨਮ, ਵਿਕਾਸ ਤੇ ਵਰਤਮਾਨ:

1.ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਓ।

2.ਪੰਜਾਬੀ ਭਾਸ਼ਾ ਦੇ ਵਿਕਾਸ ਦੇ ਪ੍ਰਮੁੱਖ ਪੜਾਅ ਕਿਹੜੇ-ਕਿਹੜੇ ਹਨ?

3.ਪੰਜਾਬੀ ਭਾਸ਼ਾ ਦੇ ਵਰਤਮਾਨ ਬਾਰੇ ਆਪਣੇ ਵਿਚਾਰ ਪੇਸ਼ ਕਰੋ।

4.ਪੰਜਾਬੀ ਭਾਸ਼ਾ ਦਾ ਜਨਮ ਕਿਨ੍ਹਾਂ ਭਾਸ਼ਾਵਾਂ ਵਿਚੋਂ ਹੋਇਆਂ? ਇਸ ਉੱਪਰ ਕਿਨ੍ਹਾਂ ਵਿਦੇਸ਼ੀ ਭਾਸ਼ਾਵਾਂ ਦੇ ਪ੍ਰਭਾਵ ਪਏ?

5.ਵਿਆਕਰਨ: ਸਿਧਾਂਤ ਤੇ ਵਿਹਾਰ: ਸ਼ਬਦ , ਸ਼ਬਦ -ਰਚਨਾ ਤੇ ਵਰਗੀਕਰਨ।

1.ਸ਼ਬਦ ਕੀ ਹੁੰਦਾ ਹੈ? ਪਰਿਭਾਸ਼ਾ ਲਿਖੋ।

2.ਵਧੇਤਰ ਕੀ ਹੁੰਦਾ ਹੈ? ਇਹ ਕਿੰਨੀ ਪ੍ਰਕਾਰ ਦਾ ਹੁੰਦਾ ਹੈ?

3.ਸ਼ਬਦ ਕਿੰਨੀ ਪ੍ਰਕਾਰ ਦਾ ਹੁੰਦਾ ਹੈ?

4.ਨਾਂਵ ਕੀ ਹੁੰਦਾ ਹੈ? ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ।

5.ਸ਼ਬਦਾਂ ਦਾ ਵਰਗੀਕਰਨ ਕਰੋ।

6.ਪੜਨਾਂਵ ਕੀ ਹੁੰਦਾ ਹੈ? ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ।

7.ਕਾਰਕ ਕੀ ਹੁੰਦਾ ਹੈ? ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ।